

ਪੰਜਾਬ ਸਟੇਟ ਫਾਰਮਰਜ਼ ਕਮੀਸ਼ਨ ਦੇ ਚੇਅਰਮੈਨ ਡਾ.ਜੀ ਐਸ ਕਾਲਕਟ ਅਤੇ ਵਾਈਸ ਚਾਂਸਲਰ ਡਾ. ਬਲਦੇਵ ਸਿੰਘ ਢਿੱਲੋਂ ਕੋਲੋਂ ਸ. ਦਰਸ਼ਨ ਸਿੰਘ 'ਮੁੱਖ ਮੰਤਰੀ ਪੁਰਸਕਾਰ' ਹਾਸਲ ਕਰਦੇ ਹੋਏ । ਪੀ ਏ ਯੂ ਦੇ ਪ੍ਰਬੰਧਕੀ ਬੋਰਡ ਦੇ ਸਾਬਕਾ ਮੈਂਬਰ ਸਰਦਾਰਨੀ ਕਰਮਜੀਤ ਕੌਰ ਦਾਨੇਵਾਲੀਆ ਨਾਲ ਖੜ੍ਹੇ ਹਨ ।

## ਕੁਦਰਤੀ ਸੋਮਿਆਂ ਦੇ ਰਖਵਾਲੇ
## ਦਰਸ਼ਨ ਸਿੰਘ ਸਿੱਧੂ

ਸਮੇਂ-ਸਮੇਂ ਸਿਰ ਪੀ ਏ ਯੂ ਵੱਲੋ ਕਿਸਾਨਾਂ ਨੂੰ ਖੇਤੀ ਸਬੰਧੀ ਨਵੀਆਂ ਸੇਧਾਂ ਦਿੱਤੀਆਂ ਗਈਆਂ ਹਨ ਜਿਨ੍ਹਾਂ ਵਿੱਚੋਂ ਇੱਕ ਹੈ ਲਾਹੇਵੰਦ ਫ਼ਸਲੀ ਚੱਕਰ । ਪੰਜਾਬ ਵਿੱਚ ਕਈ ਕਿਸਾਨਾਂ ਨੇ ਰਵਾਇਤੀ ਫ਼ਸਲੀ ਚੱਕਰ ਵਿੱਚ ਤਬਦੀਲੀ ਕਰਕੇ ਨਵੇਂ ਫ਼ਸਲੀ ਚੱਕਰ ਅਪਣਾਏ ਹਨ ਅਤੇ ਆਪਣੀ ਖੇਤੀ ਆਮਦਨੀ ਵਿੱਚ ਚੋਖਾ ਵਾਧਾ ਕਰ ਕੇ ਜੀਵਨ ਪੱਧਰ ਨੂੰ ਉਚਾ ਚੁੱਕਿਆ ਹੈ । ਇਹਨਾਂ ਹੀ ਕਿਸਾਨਾਂ ਵਿੱਚ ਇੱਕ ਹੈ ਮਾਲਵਾ ਪੱਟੀ ਚੋਂ ਪਿੰਡ ਰਾਮਪੁਰਾ, ਜਿਲ੍ਹਾ ਬਠਿੰਡਾ ਦੇ ਅਗਾਂਹ ਵਧੂ ਅਤੇ ਮਿਹਨਤੀ ਕਿਸਾਨ ਸ. ਦਰਸ਼ਨ ਸਿੰਘ ਸਿੱਧੂ ।

ਇਸ ਮਿਹਨਤੀ ਅਤੇ ਅਗਾਂਹ ਵਧੂ ਕਿਸਾਨ ਨੇ 1983 ਤੋਂ ਖੇਤੀ ਨੂੰ ਆਪਣੇ ਹੱਥਾਂ ਵਿੱਚ ਲਿਆ ਅਤੇ ਅੱਜ ਤੱਕ ਪਿਛੇ ਮੁੜ ਕੇ ਨਹੀਂ ਵੇਖਿਆ। ਦਰਸ਼ਨ ਸਿੰਘ ਨੇ ਬੀ.ਏ ਦੀ ਪੜਾਈ ਖਤਮ ਕਰਕੇ ਸਰਕਾਰੀ ਨੌਕਰੀ ਵੱਲ ਭੱਜਣ ਦੀ ਬਜਾਏ ਆਧੁਨਿਕ ਖੇਤੀ ਕਰਨ ਨੂੰ ਤਰਜੀਹ ਦਿੱਤੀ ਅਤੇ ਸੁਚੱਜੇ ਢੰਗਾਂ ਨਾਲ ਖੇਤੀ ਕਰਕੇ ਇਸ ਧੰਦੇ ਨੂੰ ਮੁਨਾਫੇ ਵੰਦ ਬਣਾਇਆ । ਸ਼ੁਰੂ ਵਿੱਚ ਸ. ਸਿੱਧੂ ਨੇ ਰਵਾਇਤੀ ਖੇਤੀ ਕਰਦਿਆਂ ਕਣਕ-ਝੋਨਾ ਫ਼ਸਲੀ ਚੱਕਰ ਅਪਣਾਇਆ ਪਰ ਥੋੜੇ ਸਮੇਂ ਬਾਅਦ ਵਿੱਚ ਹੀ ਇਸ ਫ਼ਸਲੀ ਚੱਕਰ ਵਿੱਚ ਤਬਦੀਲੀ ਕਰਦਿਆਂ ਖੇਤੀ ਵਿੱਚ ਵਿਭਿੰਨਤਾ ਲਿਆਉਣੀ ਸ਼ੁਰੂ ਕਰ ਦਿੱਤੀ । ਪਿਛਲੇ ਕਈ ਸਾਲਾਂ ਤੋਂ ਇਹ ਕਿਸਾਨ ਆਪਣੀ 35 ਏਕੜ ਜ਼ਮੀਨ ਤੇ ਲਗਾਤਾਰ ਝੋਨਾ -ਆਲੂ -ਮੱਕੀ/ ਸਬਜ਼ੀਆਂ ਦਾ ਫ਼ਸਲੀ ਚੱਕਰ ਅਪਣਾ ਰਹੇ ਹਨ ਜਿਹੜਾ ਕਿ ਆਰਥਿਕ ਤੋਰ ਤੇ ਬਹੁਤ ਲਾਹੇਵੰਦ ਸਿੱਧ ਹੋ ਰਿਹਾ ਹੈ। ਸ. ਸਿੱਧੂ ਵੱਲੋ ਹਰ ਸਾਲ ਔਸਤਨ 35 ਕੁਇੰਟਲ ਝੋਨਾ 150 ਕੁਇੰਟਲ ਆਲੂ 35 ਕੁਇੰਟਲ ਮੱਕੀ, 70 ਕੁਇੰਟਲ ਕੱਦੂ ਜਾਤੀ ਦੀਆਂ ਸਬਜੀਆਂ ਦਾ ਝਾੜ ਪ੍ਰਤੀ ਏਕੜ ਲਿਆ ਜਾ ਰਿਹਾ ਹੈ

ਸਰਦਾਰ ਸਿੱਧੂ ਵੱਲੋ ਆਲੂ ਅਤੇ ਮੱਕੀ ਦੀ ਮਾਰਕੀਟਿੰਗ ਆਪ ਖੁਦ ਕੀਤੀ ਜਾਂਦੀ ਹੈ। ਆਲੂ ਦੀਆ ਨਵੀਆਂ ਕਿਸਮਾਂ ਦਾ ਬੀਜ ਸਿੱਧਾ ਕਿਸਾਨਾਂ ਨੂੰ ਮੁਹਇਆ ਕਰਵਾਇਆ ਜਾਂਦਾ ਹੈ। ਇਸ ਤੋ ਇਲਾਵਾ ਮੱਕੀ ਦੀ ਫ਼ਸਲ ਦਾ ਕੁਝ ਹਿੱਸਾ ਡੇਅਰੀ ਦੇ ਧੰਦੇ ਲਈ ਪਸ਼ੂਆਂ ਦੀ ਫੀਡ ਲਈ ਰੱਖਿਆ ਜਾਂਦਾ ਹੈ । ਝੋਨੇ ਅਤੇ ਕੱਦੂ ਜਾਤੀ ਦੀਆਂ ਸਬਜੀਆਂ ਸਿੱਧੀ ਮੰਡੀ ਵਿੱਚ ਭੇਜੀਆਂ ਜਾਂਦੀਆਂ ਹਨ । ਇਸ

ਕਿਸਾਨ ਨੇ ਪਿਛਲੇ 5 ਸਾਲਾਂ ਤੋਂ ਝੋਨੇ ਦੀ ਪਰਾਲੀ ਨੂੰ ਅੱਗ ਨਹੀ ਲਗਾਈ ਅਤੇ ਉਸ ਨੂੰ ਚੌਪਰ ਮਸ਼ੀਨ ਨਾਲ ਕੱਟ ਕੇ ਜ਼ਮੀਨ ਵਿੱਚ ਦਬਾਇਆ ਜਾ ਰਿਹਾ ਹੈ। ਝੋਨੇ ਦੀ ਪਰਾਲੀ ਜ਼ਮੀਨ ਵਿੱਚ ਦਬਾਉਣ ਨਾਲ ਇਸ ਵਿੱਚ ਜੈਵਿਕ ਮਾਦਾ ਬਹੁਤ ਤੇਜੀ ਨਾਲ ਵਧਿਆ ਹੈ, ਜਿਸ ਕਰਕੇ ਉਨ੍ਹਾਂ ਦੇ ਫਾਰਮ ਤੇ ਖੇਤੀ ਘਣਤਾ ਵਧਣ ਦੇ ਬਾਵਜੂਦ ਯੂਰੀਆ ਖਾਦ ਦੀ ਖਪਤ ਘਟੀ ਹੈ। ਫਿਰ ਵੀ ਦਰਸ਼ਨ ਸਿੰਘ ਸਿੱਧੂ ਝੋਨੇ ਅਤੇ ਮੱਕੀ ਵਿੱਚ ਯੂਰੀਆ ਖਾਦ ਦੀ ਵਰਤੋਂ ਪੱਤਾ ਰੰਗ ਚਾਰਟ ਅਨੁਸਾਰ ਕਰਦੇ ਹਨ । ਇਸ ਤੋਂ ਇਲਾਵਾ ਪਾਣੀ ਦੀ ਬੱਚਤ ਲਈ ਝੋਨੇ ਦੀ ਫ਼ਸਲ ਵਿੱਚ ਟੈਂਸ਼ੀਓਮੀਟਰ ਦੀ ਵਰਤੋਂ ਕਰਕੇ ਸਿਰਫ਼ ਲੋੜ ਅਨੁਸਾਰ ਪਾਣੀ ਦਿੱਤਾ ਜਾਂਦਾ ਹੈ। ਇਸ ਕਰਕੇ ਸ. ਸਿੱਧੂ ਮਿੱਟੀ ਪਾਣੀ ਅਤੇ ਵਾਤਾਵਰਨ ਨੂੰ ਬਚਾਉਣ ਦੇ ਨਾਲ ਨਾਲ ਪਾਣੀ ਅਤੇ ਹਵਾ ਦਾ ਪ੍ਰਦੂਸ਼ਣ ਘਟਾਉਣ ਵਿੱਚ ਯੋਗਦਾਨ ਪਾ ਰਹੇ ਹਨ।

ਇਸ ਮਿਹਨਤੀ ਕਿਸਾਨ ਵੱਲੋਂ ਸਹਾਇਕ ਧੰਦਿਆਂ ਵਿੱਚੋਂ ਡੇਅਰੀ ਦਾ ਧੰਦਾ ਬਹੁਤ ਹੀ ਕਾਮਯਾਬੀ ਨਾਲ ਚਲਾਇਆ ਜਾ ਰਿਹਾ ਹੈ । 10 ਸਾਲ ਪਹਿਲਾਂ 2 ਗਾਵਾਂ ਨਾਲ ਡੇਅਰੀ ਦਾ ਧੰਦਾ ਸ਼ੁਰੂ ਕਰਕੇ ਹਰ ਸਾਲ 2 ਗਾਵਾਂ ਵੇਚ ਵੀ ਰਿਹਾ ਹੈ ਅਤੇ ਇਸ ਵੇਲੇ 10 ਪਸ਼ੂਆਂ ਨਾਲ ਇਸ ਧੰਦੇ ਨੂੰ ਸੁਚਜੇ ਢੰਗ ਨਾਲ ਚਲਾ ਰਹੇ ਹਨ । ਔਸਤਨ ਰੋਜ਼ਾਨਾ 80 ਲਿਟਰ ਦੁੱਧ ਦਾ ਮੰਡੀਕਰਨ 30 ਰੁਪਏ ਪ੍ਰਤੀ ਲਿਟਰ ਦੇ ਹਿਸਾਬ ਨਾਲ ਸਿੱਧਾ ਖਪਤਕਾਰ ਨੂੰ ਕੀਤਾ ਜਾਂਦਾ ਹੈ। ਪਸ਼ੂਆਂ ਲਈ ਮੱਕੀ, ਕਣਕ, ਸਰੋਂ, ਅਤੇ ਬਾਜਰੇ ਦੀ ਫੀਡ ਆਪ ਤਿਆਰ ਕਰਦੇ ਹਨ। ਪਸ਼ੂਆਂ ਦੀ ਚੁਆਈ, ਆਰਾਮ ਅਤੇ ਧੁੱਪ ਛਾਂ ਲਈ ਅਲੱਗ ਅਲੱਗ ਜਗ੍ਹਾ ਦਾ ਪ੍ਰਬੰਧ ਪੱਖੇ ਲਾ ਕੇ ਕੀਤਾ ਗਿਆ ਹੈ।

ਦਰਸ਼ਨ ਸਿੰਘ ਕੋਲ ਦੋ ਟਰੈਕਟਰ (60 ਹਾਰਸ ਪਾਵਰ ਅਤੇ 35 ਹਾਰਸ ਪਾਵਰ) ਹਨ, ਇਸ ਤੋਂ ਇਲਾਵਾ ਖੇਤੀ ਲਈ ਵਰਤੀ ਜਾਣ ਵਾਲੀ ਹਰ ਮਸ਼ੀਨਰੀ ਉਨ੍ਹਾਂ ਨੇ ਖਰੀਦੀ ਹੋਈ ਹੈ । ਸਭ ਤੋ ਖਾਸ ਮਸ਼ੀਨ ਜੋ ਉਨ੍ਹਾਂ ਨੇ 2 ਸਾਲ ਪਹਿਲਾਂ ਖਰੀਦੀ ਸੀ ਉਹ ਹੈ ਝੋਨੇ ਦੀ ਪਰਾਲੀ ਦਾ ਕੁਤਰਾ ਕਰਨ ਵਾਲੀ ਮਸ਼ੀਨ । ਇਹ ਦੋ ਲੱਖ ਰੁਪਏ ਦੀ ਲਾਗਤ ਵਾਲੀ ਮਸ਼ੀਨ ਪਰਾਲੀ ਦਾ ਬਰੀਕ ਚੂਰਾ ਕਰ ਦਿੰਦੀ ਹੈ ਅਤੇ ਇਸ ਉਪਰੰਤ ਖੇਤ ਵਿੱਚ ਰੋਟਾਵੇਟਰ ਦੀ ਵਰਤੋਂ ਕਰਨ ਨਾਲ ਝੋਨੇ ਵਾਲਾ ਖੇਤ ਆਲੂਆਂ ਦੀ ਬਿਜਾਈ ਲਈ ਤਿਆਰ ਹੋ ਜਾਂਦਾ ਹੈ । ਆਲੂ ਪਲਾਂਟਰ ਨਾਲ ਆਲੂਆਂ ਦੀ ਬਿਜਾਈ ਬਿਨਾਂ ਕਿਸੇ ਮੁਸ਼ਕਲ ਤੋ ਹੋ ਜਾਂਦੀ ਹੈ ਅਤੇ ਸਾਰੀ ਪਰਾਲੀ ਜ਼ਮੀਨ ਅਤੇ ਵੱਟਾਂ ਵਿੱਚ ਦੱਬੀ ਜਾਂਦੀ ਹੈ । ਇਸ ਵਿਧੀ ਨਾਲ ਖੇਤ ਵਿੱਚ ਪਰਾਲੀ ਰਲਾਉਣ ਨਾਲ ਇਸ ਕਿਸਾਨ ਦੀ ਜ਼ਮੀਨ ਵਿੱਚ ਤੇਜੀ ਨਾਲ ਜੈਵਿਕ ਮਾਦਾ ਵਧ ਰਿਹਾ ਹੈ ਜਿਸ ਦੇ ਨਤੀਜੇ ਵਜੋਂ ਸਾਲ ਵਿੱਚ ਤਿੰਨ ਫ਼ਸਲਾਂ ਭਰਪੂਰ ਝਾੜ ਦੇ ਰਹੀਆਂ ਹਨ ਅਤੇ ਖੇਤੀ ਲਾਗਤਾਂ ਘੱਟ ਰਹੀਆਂ ਹਨ ।

ਹੱਥ ਨਾਲ ਵਰਤੇ ਜਾਣ ਵਾਲੇ ਸੰਦਾਂ ਤੋਂ ਲੈ ਕੇ ਟਰੈਕਟਰ ਨਾਲ ਚੱਲਣ ਵਾਲੀ ਹਰ ਮਸ਼ੀਨ ਦੀ ਸੰਭਾਲ ਲਈ ਢੁੱਕਵੇਂ ਕਮਰਿਆਂ, ਗੈਰਜਾਂ, ਸਟੋਰਾਂ ਅਤੇ ਸੈਲਫਾਂ ਦਾ ਪ੍ਰਬੰਧ ਕਰਨਾ ਦਰਸ਼ਨ ਸਿੰਘ ਸਿੱਧੂ ਤੋ ਸਿੱਖਿਆ ਜਾ ਸਕਦਾ ਹੈ । ਇਸ ਤੋਂ ਇਲਾਵਾ ਪਸ਼ੂਆਂ ਲਈ ਫੀਡ, ਤੂੜੀ, ਸੁੱਕੇ ਚਾਰੇ ਆਦਿ ਦੀ ਸੰਭਾਲ ਦਾ ਤਰੀਕਾ ਵੇਖਣ ਯੋਗ ਹੈ । ਘਰੇਲੂ ਖਪਤ ਅਤੇ ਬੀਜ ਲਈ ਸਟੋਰ ਕੀਤੀ ਜਾਣ ਵਾਲੀ ਕਣਕ ਅਤੇ ਮੱਕੀ ਦੀ ਸੰਭਾਲ ਦਾ ਤਰੀਕਾ ਵੀ ਵਿਲੱਖਣ ਹੈ । ਇਸ ਤੋਂ ਇਲਵਾ ਸ. ਸਿੱਧੂ ਨੇ ਘਰ ਵਿੱਚ ਅਲੱਗ ਅਲੱਗ ਪੰਛੀ ਬੜੇ ਹੀ ਸੁਖਾਵੇਂ ਮਹੌਲ ਵਿੱਚ ਪਾਲੇ ਹੋਏ ਹਨ ਜੋ ਉਸ ਦੀ ਕੁਦਰਤ ਪ੍ਰਤੀ ਪਿਆਰ ਵਿੱਚ ਰੁਚੀ ਦਰਸਾਉਦੇ ਹਨ। ਖੇਤ ਵਿੱਚ ਫ਼ਸਲਾਂ ਦੀ ਕਟਾਈ, ਗਹਾਈ, ਪੁਟਾਈ, ਗਰੇਡਿੰਗ ਆਦਿ ਅਤੇ ਸੰਭਾਲ ਲਈ ਵੱਡਾ ਫਾਰਮ ਹਾਊਸ ਬਣਾਇਆ ਗਿਆ ਹੈ, ਜਿਸ ਵਿੱਚ ਮਸ਼ੀਨਰੀ ਲਈ ਸਟੋਰ, ਪੱਕੀਆਂ ਫਰਸ਼ਾਂ ਅਤੇ ਜਿਣਸਾਂ ਲਈ ਸਟੋਰ ਦਾ ਪ੍ਰਬੰਧ ਕੀਤਾ ਗਿਆ ਹੈ ਤਾਂ ਕਿ ਕਟਾਈ, ਪੁਟਾਈ ਪਿੱਛੋਂ ਫ਼ਸਲਾਂ ਦੀ ਸੰਭਾਲ ਹੋ ਸਕੇ ।

ਸ. ਸਿੱਧੂ ਕੋਲ ਪਿਛਲੇ ਲੰਬੇ ਸਮੇਂ ਤੋਂ ਕੀਤੀ ਜਾ ਰਹੀ ਖੇਤੀ ਦਾ ਹਰ ਰਿਕਾਰਡ ਮੌਜੂਦ ਹੈ । ਜਿਸ ਵਿੱਚ ਖੇਤੀ ਵਿੱਚੋ ਆਏ ਅਤੇ ਗਏ ਹਰ ਪੈਸੇ ਦਾ ਹਿਸਾਬ ਹੈ । ਪਿਛਲੇ 5 ਸਾਲ ਤੋਂ ਹਰ ਫ਼ਸਲ ਦਾ ਝਾੜ ਅਤੇ ਮੁਨਾਫ਼ਾ ਖੇਤੀ ਵਹੀ ਖਾਤੇ ਵਿੱਚ ਦਰਜ ਹੈ । ਫ਼ਸਲ ਦੀ ਬਿਜਾਈ ਤੋਂ ਲੈ ਕੇ ਵੇਚਣ ਤੱਕ ਹਰ ਕੰਮ ਦਾ ਵੇਰਵਾ ਖੇਤੀ ਰਿਕਾਰਡ ਵਿੱਚ ਦਰਜ ਹੈ। ਡੇਅਰੀ ਧੰਦੇ ਦਾ ਵੱਖਰਾ ਵਹੀ ਖਾਤਾ ਬਣਾਇਆ ਗਿਆ ਹੈ । ਇਹ ਕਿਸਾਨ ਰੋਜ਼ਾਨਾ ਦੇ ਖੇਤੀ ਕੰਮ ਕਾਰ ਦਾ ਵੇਰਵਾ ਸ਼ਾਮ ਨੂੰ ਡਾਇਰੀ ਵਿੱਚ ਦਰਜ਼ ਕਰਦੇ ਹਨ । ਕਿਸ ਕਾਮੇ ਨੇ ਸਾਲ ਵਿੱਚ ਕਿਸ ਦਿਨ ਕੀ ਕੰਮ ਕੀਤਾ, ਇਹ ਵੇਰਵਾ ਸ. ਸਿੱਧੂ ਦੀ ਡਾਇਰੀ ਵਿੱਚ ਪੜਿਆ ਜਾ ਸਕਦਾ ਹੈ । ਖੇਤੀ ਰਿਕਾਰਡ ਅਤੇ ਡਾਇਰੀ ਆਦਿ ਲਿਖਣ ਲਈ ਘਰ ਵਿੱਚ ਇਕ ਦਫਤਰ ਬਣਾਇਆ ਗਿਆ ਹੈ, ਜਿਸ ਵਿੱਚ ਸਾਰੀਆਂ ਸਹੂਲਤਾਂ ਉਪਲਬਧ ਹਨ । ਸ. ਸਿੱਧੂ ਨੂੰ ਸੰਨ 2014 ਵਿੱਚ ਖੇਤੀ ਸੰਬੰਧਿਤ ਕੀਤੀਆਂ ਉਪਲੱਬਧੀਆਂ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਵੱਲੋਂ ਮੁੱਖ ਮੰਤਰੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ । ਆਪਣੀ ਸਖ਼ਤ ਮਿਹਨਤ, ਖੇਤੀ ਵਿੱਚ ਰੁਚੀ, ਨਿਪੁੰਨਤਾ ਅਤੇ ਖੇਤੀ ਦੇ ਧੰਦੇ ਨੂੰ ਲਾਹੇਵੰਦ ਬਣਾ ਕੇ ਸ. ਦਰਸ਼ਨ ਸਿੰਘ ਸਿੱਧੂ ਪੰਜਾਬ ਦੇ ਕਿਸਾਨਾਂ ਲਈ ਪ੍ਰੇਰਨਾ ਸਰੋਤ ਹੈ, ਜਿਸ ਦੇ ਪਦ ਚਿਨ੍ਹਾਂ ਤੇ ਚੱਲ ਕੇ ਸਾਡੇ ਕਿਸਾਨ ਵੀਰ ਆਪਣੀ ਆਰਥਿਕ ਦਸ਼ਾ ਵਿੱਚ ਵੀ ਸੁਧਾਰ ਕਰ ਸਕਦੇ ਹਨ ।